(i) Printed Pages: 4 Roll No. ................................

(ii) Questions : 6 **Sub. Code : 0 0 0 8**

**Exam. Code : 0 0 0 1**

**B.A./B.Sc. (General) 1st Semester**

**(1129)**

**PUNJABI**

**Paper—(Elective)**

**Time Allowed : Three Hours] [Maximum Marks : 90**

**ਨੋਟ :-** (1) ਸਾਰੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

(2) ਉੱਤਰ ਭਾਵ-ਪੂਰਤ ਅਤੇ ਸਪਸ਼ਟ ਹੋਣੇ ਚਾਹੀਦੇ ਹਨ।

(3) ਲਿਖਾਈ ਸਾਫ਼-ਸੁਥਰੀ ਹੋਣੀ ਚਾਹੀਦੀ ਹੈ।

1. (ੳ) ਨਿਮਨਲਿਖਿਤ ਕਾਵਿ-ਵੰਨਗੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ;
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।
ਮੰਨਣ ਬਸ ਇਕ ਆਪਣੇ ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,
ਆਜ਼ਾਦ ਕੀਤੇ ਇਹ ਬੰਦੇ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।

**ਜਾਂ**

ਕੁੱਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁੱਝ ਰੁੱਖ ਲਗਦੇ ਮਾਂਵਾਂ
ਕੁੱਝ ਰੁੱਖ ਨੂੰਹਾਂ ਧੀਆਂ ਲਗਦੀਆਂ
ਕੁੱਝ ਰੁੱਖ ਵਾਂਗ ਭਰਾਵਾਂ
ਕੁੱਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁੱਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ। 10

(ਅ) ਨਿਮਨਲਿਖਿਤ ਇਕਾਂਗੀ ਵੰਨਗੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਕਿਹੜੀ ਪਿਉ ਦੀ ਜਗੀਰ ਏ, ਜੀਹਦੇ ਆਸਰੇ ਬੈਠਾਂ ? ਖ਼ੌਰੇ ਕਿਵੇਂ ਤੰਗੀ ਤੁਰਸ਼ੀ ਨਾਲ ਦਿਨ ਕੱਟਦੀ ਰਹੀ ਆਂ; ਅੱਜ ਤੂੰ ਵੀ ਭਰਾ ਦੀ ਥਾਂ ਹੱਕ ਜਮਾਉਣ ਆ ਗਈ ਏਂ। ਉਦੋਂ ਕਿੱਥੇ ਸੀ ਜਦੋਂ ਮੈਂ ਲੋਕਾਂ ਦਾ ਪੀਹ ਕੇ ਗੋਹਾ ਕੂੜਾ ਚੁੱਕ ਕੇ ਢਿੱਡ ਭਰਦੀ ਸਾਂ ?

**ਜਾਂ**

ਮੈਂ ਕੁੱਝ ਬੁਰਾ ਤਾਂ ਨਹੀਂ ਸੋਚ ਰਿਹਾ। ਇਹੋ ਪੁੱਛ ਰਿਹਾ ਹਾਂ, ਨਾ, ਕਿ ਅੱਖਾਂ ਤੇ ਮੱਥੇ ਦੇ ਕੀ ਅਰਥ ਨੇ ? ਨੱਕ ਨਾਲ ਅਸੀਂ ਸਾਹ ਲੈਂਦੇ ਹਾਂ, ਮੂੰਹ ਨਾਲ ਖਾਂਦੇ ਹਾਂ, ਬੋਲਦੇ ਆਂ, ਹੱਥਾਂ ਨਾਲ ਕੰਮ ਕਰਦੇ ਆਂ, ਪੈਰਾਂ ਨਾਲ ਚਲਦੇ ਆਂ, ਹਰ ਅੰਗ ਦਾ ਕੋਈ ਅਰਥ ਏ। 10

2. (ੳ) ਕਿਸੇ **ਇਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

(i) ਮਾਂ (ਪ੍ਰੋ. ਮੋਹਨ ਸਿੰਘ)

(ii) ਹਰ ਮੋੜ ਤੇ ਸਲੀਬਾਂ-ਗ਼ਜ਼ਲ (ਜਗਤਾਰ)। 10

(ਅ) 'ਬੇਈਮਾਨ' ਇਕਾਂਗੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

**ਜਾਂ**

'ਅੰਨ੍ਹੇ ਨਿਸ਼ਾਨਚੀ' ਇਕਾਂਗੀ ਦੀ ਸਾਹਿਤਕ ਆਲੋਚਨਾ ਕਰੋ। 10

. ਨਿਮਨਲਿਖਿਤ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਕਵਿਤਾ ਭਾਗ ਤੇ ਇਕਾਂਗੀ ਭਾਗ ਵਿਚੋਂ **ਦੋ-ਦੋ** ਪ੍ਰਸ਼ਨ ਕਰਨੇ ਲਾਜ਼ਮੀ ਹਨ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ :

**ਕਵਿਤਾ ਭਾਗ**

(i) 'ਕੇਲੋਂ ਦੇ ਗਲ ਲੱਗੀ ਵੇਲ' ਕਵਿਤਾ ਵਿਚ ਵੇਲ ਕੀ ਫ਼ਰਿਆਦ ਕਰਦੀ ਹੈ ?

(ii) 'ਖ਼ਿਆਲੀ ਆਜ਼ਾਦੀ' ਕਵਿਤਾ ਵਿਚ ਚਾਤ੍ਰਿਕ ਕਿਸ ਗੱਲ 'ਤੇ ਵਿਅੰਗ ਕਰਦਾ ਹੈ ?

(iii) 'ਤਵਾਰੀਖ਼' ਨਜ਼ਮ ਵਿਚ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਕਿਸ ਨੂੰ ਤੇ ਕਿਉਂ ਆਵਾਜ਼ਾਂ ਮਾਰਦੀ ਹੈ ?

(iv) ਬਾਵਾ ਬਲਵੰਤ ਰਚਿਤ ਕਵਿਤਾ 'ਦੁਨੀਆ' ਦਾ ਕੇਂਦਰੀ ਭਾਵ ਲਿਖੋ।

**ਇਕਾਂਗੀ ਭਾਗ**

(v) 'ਬੇਈਮਾਨ' ਇਕਾਂਗੀ ਸਮਾਜ ਦੇ ਕਿਹੜੇ ਪੱਖ 'ਤੇ ਰੋਸ਼ਨੀ ਪਾਉਂਦੀ ਹੈ ?

(vi) 'ਮਨ ਦੀਆਂ ਮਨ ਵਿਚ' ਇਕਾਂਗੀ ਵਿਚ ਪੇਸ਼ ਹੋਏ ਅੰਬੋ ਦੇ ਦਰਦ ਨੂੰ ਤਿੰਨ-ਚਾਰ ਸਤਰਾਂ ਵਿਚ ਬਿਆਨ ਕਰੋ।

(vii) 'ਤਾਸ਼ ਦੀ ਬਾਜ਼ੀ' ਇਕਾਂਗੀ ਅਨੁਸਾਰ ਨੌਕਰ-ਮਾਲਕਣ ਦਾ ਰਿਸ਼ਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ ?

(viii) 'ਅੰਨ੍ਹੇ ਕਾਣੇ' ਇਕਾਂਗੀ ਵਿਚ ਖੋਜੀ ਨਰੈਣੇ, ਸੁਰੈਣੇ, ਮਹੈਣੇ, ਕਰਮੇ ਤੇ ਧਰਮੇ ਨੂੰ ਕੀ ਨਸੀਹਤ ਦਿੰਦਾ ਹੈ ? $5 \times 2 = 10$

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ **ਚਾਰ** ਦੇ ਉੱਤਰ ਦਿਉ। ਉੱਤਰ **50** ਸ਼ਬਦਾਂ ਤੋਂ ਵੱਧ ਨਾ ਹੋਵੇ :

(i) ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ ਦੇ ਨਾਂ ਲਿਖੋ।

(ii) ਭਾਈ ਵੀਰ ਸਿੰਘ ਰਚਿਤ ਚਾਰ ਕਾਵਿ-ਸੰਗ੍ਰਹਿਆਂ ਦੇ ਨਾਂ ਲਿਖੋ। ਕਵਿਤਾਵਾਂ ਦੇ ਪ੍ਰਮੁੱਖ ਵਿਸ਼ਿਆਂ ਦੀ ਜਾਣਕਾਰੀ ਵੀ ਦਿਉ।

(iii) ਅੰਮ੍ਰਿਤਾ ਪ੍ਰੀਤਮ ਰਚਿਤ ਸਵੈ-ਜੀਵਨੀ ਦਾ ਨਾਂ ਲਿਖੋ। ਵੰਡ ਸੰਬੰਧੀ ਲਿਖੀ ਉਸਦੀ ਪ੍ਰਸਿੱਧ ਕਵਿਤਾ ਬਾਰੇ ਵੀ ਸੰਖੇਪ ਜਾਣਕਾਰੀ ਦਿਉ।

(iv) ਆਧੁਨਿਕ ਪੰਜਾਬੀ ਨਾਟਕ ਤੇ ਰੰਗਮੰਚ ਦਾ ਮੋਢੀ ਕੌਣ ਹੈ ? ਉਸਦੇ ਪਹਿਲੇ ਇਕਾਂਗੀ ਦਾ ਨਾਂ ਵੀ ਲਿਖੋ।

(v) ਸੰਤ ਸਿੰਘ ਸੇਖੋਂ ਰਚਿਤ ਚਾਰ ਨਾਟਕਾਂ/ਇਕਾਂਗੀਆਂ ਦੇ ਨਾਂ ਲਿਖੋ। ਇਹ ਵੀ ਦੱਸੋ ਸੰਤ ਸਿੰਘ ਸੇਖੋਂ ਨੂੰ ਕਿਹੜੇ ਨਾਟਕ 'ਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ?

(vi) ਪੰਜਾਬੀ ਦੇ ਕੋਈ ਛੇ ਇਤਿਹਾਸਕ/ਧਾਰਮਿਕ ਨਾਟਕਾਂ ਜਾਂ ਇਕਾਂਗੀਆ ਦੇ ਨਾਂ ਲਿਖੋ। $4 \times 5 = 20$

5. ਭਾਸ਼ਾ ਦੀ ਪ੍ਰਕਿਰਤੀ ਉੱਤੇ ਚਰਚਾ ਕਰੋ।

**ਜਾਂ**

ਭਾਸ਼ਾ ਦੀ ਪਰਿਭਾਸ਼ਾ ਦਿੰਦਿਆਂ ਇਸਦਾ ਪ੍ਰਯੋਜਨ ਸਪਸ਼ਟ ਕਰੋ। 10

6. ਹੇਠ ਲਿਖੇ ਸਾਹਿਤ-ਰੂਪਾਂ ਵਿਚੋਂ ਕਿਸੇ **ਇਕ** ਦੀ ਪਰਿਭਾਸ਼ਾ ਅਤੇ ਤੱਤ ਲਿਖੋ :

(i) ਕਵਿਤਾ

(ii) ਨਾਵਲ। 10